# ਦੇਸ਼ ਭਗਤ ਪੰਡਿਤ ਚੇਤਨ ਦੇਵ
# ਸਰਕਾਰੀ ਕਾਲਜ ਆਫ਼ ਐਜੂਕੇਸ਼ਨ
# ਫ਼ਰੀਦਕੋਟ

D.B.Pt. CHETAN DEV GOVT. COLLEGE OF EDUCATION

WHO DARES TO TEACH MUST NEVER CEASE TO LEARN

FARIDKOT

# ਹੋਸਟਲ ਨਿਯਮਾਵਲੀ

## ਸੈਸ਼ਨ: 2023-24

Scanned with CamScanner

# ਹੋਸਟਲ ਨਿਯਮਾਵਲੀ (ਸੈਸ਼ਨ 2023-24)

ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਪੰਜਾਬ ਦੀ ਨਾਮਵਰ ਅਧਿਆਪਕ ਟ੍ਰੇਨਿੰਗ ਸੰਸਥਾ ਹੈ, ਅਤੇ ਇਥੇ ਵੱਖ-ਵੱਖ ਜਿਲ੍ਹਿਆਂ ਅਤੇ ਰਾਜਾਂ ਦੇ ਵਿਦਿਆਰਥੀ ਪੜ੍ਹਨ ਲਈ ਅਉਂਦੇ ਹਨ। ਇਸ ਲਈ ਕਾਲਜ ਕੈਂਪਸ ਵਿਖੇ ਲੜਕੀਆਂ ਲਈ ਹੋਸਟਲ ਦੀ ਸੁਵਿਧਾ ਦਿੱਤੀ ਗਈ ਹੈ। ਹੋਸਟਲ ਵਿੱਚ 14 ਕਮਰੇ ਹਨ ਜਿਸ ਵਿੱਚ ਇੱਕ ਸਮੇਂ ਤੇ ਕੁੱਲ 36 ਵਿਦਿਆਰਥੀ ਰਹਿ ਸਕਦੇ ਹਨ। ਕਾਲਜ ਦੇ ਹੋਸਟਲ ਵਿੱਚ ਮੈੱਸ ਦੀ ਸੁਵਿਧਾ ਹੈ ਜਿਸ ਵਿੱਚ ਸਾਫ਼ ਸੁਥਰਾ, ਪੌਸ਼ਟਿਕ ਭੋਜਨ ਵਿਦਿਆਰਥੀਆਂ ਲਈ ਉਪਲਬਧ ਕਰਾਇਆ ਜਾਂਦਾ ਹੈ।

## ਹੋਸਟਲ ਦੇ ਨਿਯਮ ਅਤੇ ਸ਼ਰਤਾਂ:

1. ਇਹ ਨਿਯਮ ਮਿਤੀ 08-ਅਗਸਤ-2023 ਨੂੰ ਹੋਈ ਕਾਲਜ ਕਾਉਂਸਲ ਅਤੇ ਸਮੂਹ ਸਟਾਫ਼ ਦੀ ਸਾਂਝੀ ਮੀਟਿੰਗ ਵਿੱਚ ਵਿਚਾਰੇ ਨੁਕਤਿਆਂ ਰਾਹੀਂ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।
2. ਹੋਸਟਲ ਕਮੇਟੀ ਦੁਆਰਾ ਸਮਰੱਥ ਅਧਿਕਾਰੀ / ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਹੋਸਟਲ ਸਬੰਧੀ ਨਿਯਮਾਂ ਵਿੱਚ ਸਮੇਂ-ਸਮੇਂ ਸਿਰ ਸੋਧ ਕੀਤੀ ਜਾ ਸਕਦੀ ਹੈ ਅਤੇ ਇਹ (ਸਮੇਂ-ਸਮੇਂ ਸਿਰ ਸੋਧੇ) ਨਿਯਮ ਹੋਸਟਲ ਨਾਲ ਸਬੰਧਤ ਅਧਿਕਾਰੀਆਂ / ਕਰਮਚਾਰੀਆਂ / ਵਿਦਿਆਰਥੀਆਂ / ਹੋਸਟਲ ਨਿਵਾਸੀਆਂ ਅਤੇ ਮੈੱਸ ਹੋਲਡਰ ਉੱਪਰ ਇੰਨ-ਬਿੰਨ ਲਾਗੂ ਹੋਣਗੇ।



Scanned with CamScanner

3. ਇਹ ਨਿਯਮ ਅਤੇ ਸ਼ਰਤਾਂ ਹੋਸਟਲਰ ਵਿਦਿਆਰਥਣਾਂ ਦੇ ਹਿੱਤਾਂ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਜਾਰੀ ਕੀਤੇ ਜਾਂਦੇ ਹਨ।

4. ਹੋਸਟਲ ਵਾਰਡਨ ਦਾ ਵਾਧੂ ਚਾਰਜ ਕੇਵਲ ਇਸ ਸੰਸਥਾ (ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ) ਦੇ ਮਹਿਲਾ ਅਧਿਆਪਕ ਨੂੰ ਹੀ ਦਿੱਤਾ ਜਾ ਸਕਦਾ ਹੈ ਅਤੇ ਇਸ ਲਈ ਉਸਨੂੰ ਕੋਈ ਵਾਧੂ ਅਦਾਇਗੀ ਨਹੀਂ ਕੀਤੀ ਜਾ ਸਕਦੀ।

5. ਹੋਸਟਲ ਵਾਰਡਨ ਦਾ ਹੋਸਟਲ ਨਾਲ ਬਣੀ ਵਾਰਡਨ ਰਿਹਾਇਸ਼ ਵਿੱਚ ਰਹਿਣਾ ਲਾਜ਼ਮੀ ਹੋਵੇਗਾ।

6. ਮੈੱਸ ਦਾ ਮੀਨੂ ਹੋਸਟਲ ਕਮੇਟੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਇਸ ਵਿੱਚ ਮੌਸਮ (ਤਾਜਾ ਸਬਜੀਆਂ ਦੀ ਉਪਲਭਦਤਾ) ਅਨੁਸਾਰ ਸੋਧ ਕੀਤੀ ਜਾ ਸਕਦੀ ਹੈ।

7. ਹੋਸਟਲ ਵਿੱਚ ਦਾਖਲਾ ਦੇਣ ਦੇ ਅਧਿਕਾਰ ਸੰਸਥਾ ਕੋਲ ਰਾਖਵੇਂ ਹਨ, ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਵਿਦਿਆਰਥੀ ਹੋਸਟਲ ਵਿੱਚ ਰਹਿਣ/ਦਾਖਲਾ ਲੈਣ ਦੇ ਅਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ।

8. ਵਿਦਿਆਰਥਣਾਂ ਨੂੰ ਹੋਸਟਲ 'ਪਹਿਲਾਂ ਆਓ-ਪਹਿਲਾਂ ਪਾਓ' ਦੇ ਆਧਾਰ ਤੇ ਆਲਾਟ ਕੀਤਾ ਜਾਂਦਾ ਹੈ।

9. ਹੋਸਟਲ ਕੇਵਲ ਇਸ ਸੰਸਥਾ ਦੀਆਂ ਡਿਗਰੀ ਕੋਰਸ ਦੀਆਂ ਵਿਦਿਆਰਥਣਾਂ (ਲੜਕੀਆਂ) ਲਈ ਹੀ ਹੈ। ਵਿਸ਼ੇਸ਼ ਸੂਰਤ ਵਿਚ ਫ਼ਰੀਦਕੋਟ



Scanned with CamScanner

ਸ਼ਹਿਰ ਅੰਦਰ ਆਉਂਦੀ ਕਿਸੇ ਹੋਰ ਸਰਕਾਰੀ ਵਿੱਦਿਅਕ ਸੰਸਥਾ ਦੀ ਕੇਵਲ ਡਿਗਰੀ ਕੋਰਸ ਦੀ ਵਿਦਿਆਰਥਣ ਨੂੰ ਹੋਸਟਲ ਵਿੱਚ ਦਾਖਲਾ (ਵਿਦਿਆਰਥਣ ਦੀ ਮੂਲ ਵਿੱਦਿਅਕ ਸੰਸਥਾ ਦੇ ਮੁਖੀ ਵੱਲੋਂ ਲਿਖਤੀ ਸਿਫ਼ਾਰਿਸ਼ ਭੇਜੇ ਜਾਣ ਤੇ ਹੀ) ਦਿੱਤਾ ਜਾ ਸਕਦਾ ਹੈ।

10. ਹੋਸਟਲ ਦੀਆਂ ਸੀਟਾਂ ਇਸ ਸੰਸਥਾ ਦੀਆਂ ਵਿਦਿਆਰਥਣਾਂ ਲਈ ਰਾਖਵੀਆਂ ਹਨ। ਇਸ ਕਾਲਜ ਦੀਆਂ ਵਿਦਿਆਰਥਣਾਂ ਦੁਆਰਾ ਹੋਸਟਲ ਵਿੱਚ ਦਾਖਲਾ ਲੈਣ ਉਪਰੰਤ ਬਚੀਆਂ ਸੀਟਾਂ ਤੇ ਹੀ (ਫ਼ਰੀਦਕੋਟ ਸ਼ਹਿਰ ਅੰਦਰ ਆਉਂਦੀ) ਕਿਸੇ ਹੋਰ ਸਰਕਾਰੀ ਵਿੱਦਿਅਕ ਸੰਸਥਾ ਦੀ (ਕੇਵਲ ਡਿਗਰੀ ਕੋਰਸ ਦੀ) ਵਿਦਿਆਰਥਣ ਨੂੰ ਹੋਸਟਲ ਵਿੱਚ ਦਾਖਲਾ ਦਿੱਤਾ ਜਾ ਸਕਦਾ ਹੈ।

11. ਸੰਸਥਾ ਸਰਟੀਫ਼ਿਕੇਟ/ਸ਼ਾਰਟ ਟਰਮ ਕੋਰਸ ਦੀਆਂ ਵਿਦਿਆਰਥਣਾਂ ਨੂੰ ਹੋਸਟਲ ਵਿੱਚ ਦੇਣ ਦਾਖਲਾ ਲਈ ਪਾਬੰਧ ਨਹੀਂ ਹੈ।

12. ਇਸ ਕਾਲਜ ਦੇ ਡਿਗਰੀ ਕੋਰਸ (ਵਿਸ਼ੇਸ਼ ਤੌਰ ਤੇ ਬੀ.ਐਡ. ਭਾਗ ਪਹਿਲਾ) ਦਾ ਦਾਖਲਾ ਮੁਕੰਮਲ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਵਿਦਿਆਰਥਣਾਂ ਵੱਲੋਂ ਹੋਸਟਲ ਲੈਣ ਲਈ ਬਿਨੈ ਪੱਤਰ ਦੇ ਕੇ ਦਾਖਲਾ ਫ਼ਾਰਮ ਅਤੇ ਲਾਗੂ ਫ਼ੀਸ ਭਰਨਾ ਲਾਜ਼ਮੀ ਹੋਵੇਗਾ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਹੋਸਟਲ ਦੀਆਂ ਸੀਟਾਂ ਭਰ ਜਾਂਦੀਆਂ ਹਨ ਤਾਂ ਸੰਸਥਾ ਬਾਕੀ ਰਹਿੰਦੀਆਂ ਵਿਦਿਆਰਥਣਾਂ ਲਈ ਹੋਸਟਲ ਉਪਲਬਧ ਕਰਾਉਣ ਲਈ ਪਾਬੰਧ ਨਹੀਂ ਹੋਵੇਗੀ।



Scanned with CamScanner

13. ਡਿਗਰੀ ਕੋਰਸ ਵਿੱਚ ਨਵੀਆਂ ਦਾਖਲ ਹੋਈਆਂ ਵਿਦਿਆਰਥਣਾਂ ਨੂੰ ਹੋਸਟਲ ਵਿੱਚ ਕੇਵਲ ਇੱਕ ਅਕਾਦਮਿਕ ਵਰ੍ਹੇ ਲਈ ਹੋਸਟਲ ਅਲਾਟ ਕੀਤਾ ਜਾਵੇਗਾ। ਨਵਾਂ ਅਕਾਦਮਿਕ ਵਰ੍ਹਾ ਸ਼ੁਰੂ ਹੋਣ ਦੇ 15 ਦਿਨ ਦੇ ਅੰਦਰ-ਅੰਦਰ ਡਿਗਰੀ ਕੋਰਸ ਦੇ ਭਾਗ ਦੂਜਾ ਦੀਆਂ ਵਿਦਿਆਰਥਣਾਂ ਦਾ ਹੋਸਟਲ ਵਿੱਚ ਦਾਖਲਾ ਨਵੇਂ ਸਿਰੇ ਤੋਂ ਕੀਤਾ ਜਾਵੇਗਾ।

14. ਹੋਸਟਲ ਫ਼ੀਸ ਯੂਨੀਵਰਸਿਟੀ ਨਿਯਮਾਂ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਈ ਜਾਵੇਗੀ।

15. ਹੋਸਟਲ ਵਿੱਚ ਦਾਖ਼ਲਾ ਲੈਣ ਸਮੇਂ ਵਿਦਿਆਰਥਣਾਂ ਨੂੰ ਲਾਗੂ ਫ਼ੀਸ ਦੇ ਨਾਲ 5000/- ਰੁਪੈ ਦੀ ਰਾਸ਼ੀ ਮੈੱਸ ਸਕਿਓਰਟੀ ਵਜੋਂ ਜਮਾਂ ਕਰਾਉਣੀ ਹੋਵੇਗੀ ਜੋ ਕਿ ਉਸ ਵੱਲੋ ਅਕਾਦਮਿਕ ਵਰ੍ਹਾ ਖਤਮ ਹੋਣ 'ਤੇ / ਹੋਸਟਲ ਛੱਡਣ ਵੇਲੇ ਨੋ-ਡਿਊ ਸਰਟੀਫ਼ਿਕੇਟ ਪੇਸ਼ ਕਰਨ 'ਤੇ ਵਾਪਿਸ ਮਿਲਣ ਯੋਗ ਹੋਵੇਗੀ।

16. ਹੋਸਟਲ ਵਿੱਚ ਦਾਖਲਾ ਲੈਣ ਸਮੇਂ ਮਾਤਾ/ਪਿਤਾ/ਸਰਪ੍ਰਸਤ ਦਾ ਵਿਦਿਆਰਥਣ ਨਾਲ ਆਉਣਾ ਲਾਜ਼ਮੀ ਹੈ।

17. ਹੋਸਟਲ ਵਿੱਚ ਦਾਖਲੇ ਸਮੇਂ ਵਿਦਿਆਰਥਣ ਦੀ ਮੈਡੀਕਲ ਫ਼ਿਟਨੈਸ ਸਬੰਧੀ ਸਵੈ-ਘੋਸ਼ਣਾ ਦੇਣੀ ਹੋਵੇਗੀ, ਕੋਈ ਗੰਭੀਰ (ਸਰੀਰਕ ਜਾਂ ਮਾਨਸਿਕ) ਬਿਮਾਰੀ ਹੋਣ ਦੀ ਸੂਰਤ ਵਿੱਚ ਉਸ ਬਾਰੇ ਸਵੈ-ਘੋਸ਼ਣਾ ਵਿੱਚ ਜਰੂਰ ਲਿਖਿਆ ਜਾਵੇ ਤਾਂ ਜੋ ਕਿਸੇ ਆਪਾਤ ਸਥਿਤੀ ਵਿੱਚ ਇਹ ਜਾਣਕਾਰੀ ਉਪਯੋਗੀ ਹੋਵੇ ਅਤੇ ਇਸ ਅਨੁਕੂਲ ਵਿਦਿਆਰਥਣ ਦੀ ਤੁਰੰਤ ਮਦਦ ਕੀਤੀ ਜਾ ਸਕੇ।



Scanned with CamScanner

**18.** ਹੋਸਟਲ ਦਾਖ਼ਲਾ ਫ਼ਾਰਮ ਵਿੱਚ ਵਿਦਿਆਰਥਣ ਦੁਆਰਾ ਭਰੇ ਪਤੇ, ਸਰਪ੍ਰਸਤ ਜਾਂ ਕਿਸੇ ਵੀ ਵਿਸ਼ੇ ਸਬੰਧੀ ਕੋਈ ਜਾਣਕਾਰੀ ਜੇਕਰ ਗਲਤ ਪਾਈ ਜਾਂਦੀ ਹੈ ਤਾਂ ਵਿਦਿਆਰਥਣ ਦੀ ਸਕਿਓਰਟੀ ਜਬਤ ਕਰਕੇ ਉਸਦਾ ਹੋਸਟਲ ਦਾ ਦਾਖ਼ਲਾ ਰੱਦ ਕਰਕੇ ਤੁਰੰਤ ਹੋਸਟਲ ਖਾਲੀ ਕਰਵਾਇਆ ਜਾਵੇਗਾ ਅਤੇ ਵਿਦਿਆਰਥਣ ਉੱਪਰ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।

**19.** ਹੋਸਟਲ ਵਿੱਚ ਹਾਜ਼ਰੀ ਦਾ ਸਮਾਂ (ਯੂਨੀਵਰਸਿਟੀ ਜਾਂ ਪੰਜਾਬ / ਭਾਰਤ ਸਰਕਾਰ ਦੇ ਹੁਕਮਾਂ ਅਨੁਸਾਰ ਕੀਤੀਆਂ ਗਈਆਂ ਲਗਾਤਾਰ ਛੁੱਟੀਆਂ ਤੋਂ ਇਲਾਵਾ) 01-ਅਕਤੂਬਰ ਤੋਂ 01-ਮਾਰਚ ਤੱਕ ਸ਼ਾਮ ਨੂੰ 05 ਵਜੇ ਅਤੇ 02 ਮਾਰਚ ਤੋਂ 30-ਸਤੰਬਰ ਤੱਕ ਸ਼ਾਮ 06 ਵਜੇ ਦਾ ਹੋਵੇਗਾ। ਵਿਦਿਆਰਥਣ ਦੇ ਬਿਨਾਂ ਸੂਚਨਾਂ ਲੇਟ / ਗੈਰ-ਹਾਜ਼ਰ ਪਾਏ ਜਾਣ ਤੇ ਉਸਨੂੰ 30/- (ਤੀਹ) ਰੁਪੈ (ਪ੍ਰਤੀ ਦਿਨ) ਜੁਰਮਾਨਾ ਹੋਵੇਗਾ ਅਤੇ ਅਕਾਦਮਿਕ ਵਰ੍ਹੇ ਦੌਰਾਨ 03 (ਤਿੰਨ) ਬਿਨਾਂ ਸੂਚਨਾਂ ਲੇਟ / ਗੈਰ-ਹਾਜ਼ਰ ਪਾਏ ਜਾਣ ਤੇ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।

**20.** ਵਿਦਿਆਰਥਣ ਨੂੰ ਰੋਜਾਨਾ ਹਰ ਵਾਰ ਹੋਸਟਲ ਤੋਂ ਬਾਹਰ ਜਾਂਦੇ ਅਤੇ ਅੰਦਰ ਆਉਂਦੇ ਹੋਏ ਰਵਾਨਗੀ-ਆਗਮਨ ਰਜਿਸਟਰ ਵਿੱਚ ਐਂਟਰੀ ਪਾਉਣੀ ਲਾਜਮੀਂ ਹੋਵੇਗੀ।

**21.** ਵਿਦਿਆਰਥਣ ਬਿਨਾਂ ਲਿਖਤੀ ਬਿਨੈ ਪੱਤਰ ਵਾਰਡਨ ਨੂੰ ਦਿੱਤੇ ਛੁੱਟੀ ਨਹੀਂ ਲੈ ਸਕਦੀ। ਛੁੱਟੀ ਲਿਖਤ ਵਿੱਚ ਮੰਨਜੂਰ ਹੋਣ ਤੋਂ ਪਹਿਲਾਂ ਵਿਦਿਆਰਥਣ



Scanned with CamScanner

ਹੋਸਟਲ ਨਾ ਛੱਡੇ। ਈ-ਮੇਲ, ਵੱਟਸਐਪ, ਫੋਨ 'ਤੇ ਛੁੱਟੀ ਕੇਵਲ ਵਿਸ਼ੇਸ਼ ਹਾਲਾਤਾਂ ਵਿੱਚ ਹੀ ਦਿੱਤੀ ਜਾ ਸਕਦੀ ਹੈ।

22. ਵਿਦਿਆਰਥਣ ਛੁੱਟੀ ਲੈਣ ਸਮੇਂ ਆਪਣਾ ਛੁੱਟੀ ਤੇ ਜਾਣ ਦਾ ਪਤਾ ਰਵਾਨਗੀ-ਆਗਮਨ ਰਜ਼ਿਸਟਰ ਵਿੱਚ ਨੋਟ ਕਰਕੇ ਜਾਏਗੀ।

23. ਵਾਰਡਨ ਜਾਂ ਹੋਸਟਲ ਕਮੇਟੀ ਦਾ ਕੋਈ ਵੀ ਮੈਂਬਰ ਕਾਲਜ ਦੇ ਕਿਸੇ ਇੱਕ ਮਹਿਲਾ ਪ੍ਰੋਫ਼ੈਸਰ / ਮਹਿਲਾ ਕਰਮਚਾਰੀ ਨੂੰ ਨਾਲ ਲੈ ਕੇ (ਵਿਸ਼ੇਸ਼ ਹਲਾਤ ਵਿੱਚ ਹੋਸਟਲ ਕਮੇਟੀ ਦੇ ਕੋਈ ਦੋ ਮੈਂਬਰ ਕਿਸੇ ਵੀ ਦੋ ਪੁਰਸ਼ ਅਧਿਕਾਰੀਆਂ/ਕਰਮਚਾਰੀਆਂ ਨੂੰ ਲੈ ਕੇ) ਕਿਸੇ ਵੀ ਸਮੇਂ (ਵਿਦਿਆਰਥਣਾਂ ਦੀ ਹੋਂਦ ਜਾਂ ਅਣਹੋਂਦ ਵਿੱਚ) ਹੋਸਟਲ ਦੇ ਕਿਸੇ ਵੀ ਕਮਰੇ, ਅਲਮਾਰੀ ਜਾ ਚੌਗਿਰਦੇ/ਅਹਾਤੇ ਦੀ ਜਾਂਚ ਕਰ ਸਕਦੇ ਹਨ ਜਾਂ ਤਲਾਸ਼ੀ ਲੈ ਸਕਦੇ।

24. ਹੋਸਟਲ ਵਿੱਚ ਤੰਬਾਕੂ, ਸਿਗਰਟ, ਸ਼ਰਾਬ ਜਾਂ ਕੋਈ ਵੀ ਕਾਨੂੰਨੀ ਤੌਰ ਤੇ ਵਰਜਿਤ ਨਸ਼ੀਲਾ ਪਦਾਰਥ ਕਿਸੇ ਵਿਦਿਆਰਥਣ ਦੇ ਕੋਲ ਜਾਂ ਉਸਦੇ ਕਮਰੇ ਵਿੱਚ ਪਾਏ ਜਾਣ ਤੇ ਉਸ ਕਮਰੇ ਵਿੱਚ ਰਹਿੰਦੀਆਂ ਸਾਰੀਆਂ ਵਿਦਿਆਰਥਣਾਂ ਉੱਪਰ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਕੇਸ ਪੁਲਿਸ ਨੂੰ ਭੇਜਿਆ ਜਾ ਸਕਦਾ ਹੈ।

25. ਹੋਸਟਲ ਵਿਦਿਆਰਥਣਾਂ ਹੋਸਟਲ, ਕਾਲਜ ਕੈਪਸ ਜਾਂ ਹੋਰ ਕਿਤੇ ਵੀ ਜੇਕਰ ਕਿਸੇ ਨਸ਼ੇ ਨਾਲ ਸਬੰਧੀ ਮਾਮਲੇ ਵਿੱਚ ਦੋਸ਼ੀ ਪਾਈ ਜਾਂਦੀ ਹੈ ਤਾਂ ਉਸ ਵਿੱਰੁਧ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਕੇਸ ਪੁਲਿਸ ਨੂੰ ਪੁਲਿਸ ਨੂੰ ਭੇਜ ਦਿੱਤਾ ਜਾਵੇਗਾ।



Scanned with CamScanner

26. ਹੋਸਟਲ ਵਿੱਚ ਰੈਗਿੰਗ ਦੀ 100% ਮਨਾਹੀ ਹੈ। ਜੇਕਰ ਕੋਈ ਵਿਦਿਆਰਥਣ ਰੈਗਿੰਗ ਦੀ ਦੋਸ਼ੀ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਕੇਸ ਪੁਲਿਸ ਨੂੰ ਭੇਜਿਆ ਜਾ ਸਕਦਾ ਹੈ।

27. ਹੋਸਟਲ ਵਿੱਚ ਕਿਸੇ ਕਿਸਮ ਦਾ ਹਥਿਆਰ ਜਾਂ ਧਾਰਦਾਰ ਵਸਤੂ ਰੱਖਣ ਦੀ ਮਨਾਹੀ ਹੈ, ਇਸ ਸਬੰਧੀ ਦੋਸ਼ੀ ਪਾਏ ਜਾਣ ਤੇ ਵਿਦਿਆਰਥਣ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਕੇਸ ਪੁਲਿਸ ਨੂੰ ਭੇਜਿਆ ਜਾ ਸਕਦਾ ਹੈ।

28. ਹੋਸਟਲ ਦੇ ਕਮਰੇ ਵਿੱਚ ਪ੍ਰੈਸ, ਇੰਡਕਸ਼ਨ ਚੁੱਲ੍ਹਾ, ਪਾਣੀ ਗਰਮ ਕਰਨ ਵਾਲੀ ਰਾਡ, ਸਟੀਮਰ, ਹੀਟਰ, ਇਲੈਕਟ੍ਰਿਕ ਕੈਟਲ ਦੀ ਵਰਤੋਂ ਕਰਨਾ ਸਖਤ ਮਨ੍ਹਾਂ ਹੈ। ਇਹਨਾਂ ਵਿੱਚੋਂ ਜਾਂ ਇਸਤੋਂ ਇਲਵਾ ਕੋਈ ਵੀ ਬਿਜਲੀ ਉਪਕਰਨ ਜੋ ਅਧਿਕ ਬਿਜਲੀ ਖਪਤ ਕਰਦਾ ਹੈ (ਮੋਬਾਈਲ, ਲੈਪਟਾਪ ਅਤੇ ਚਾਰਜਰ ਤੋਂ ਇਲਾਵਾ), ਪਾਏ ਜਾਣ ਤੇ ਉਹ ਉਪਕਰਨ ਤੁਰੰਤ ਜਬਤ ਕਰ ਲਿਆ ਜਾਵੇਗਾ ਅਤੇ ਵਿਦਿਆਰਥੀ ਨੂੰ 1000/- ਪ੍ਰਤੀ ਉਪਕਰਨ ਜੁਰਮਾਨਾਂ ਕਰਕੇ ਉਹ ਉਪਕਰਨ ਸਥਾਨਕ ਸਰਪ੍ਰਸਤ ਜਾਂ ਪਰਿਵਾਰਕ ਮੈਂਬਰ ਨੂੰ ਬੁਲਾ ਕੇ ਉਸਦੇ ਹਵਾਲੇ ਕਰ ਦਿੱਤਾ ਜਾਵੇਗਾ।

29. ਗਰਮੀ ਅਤੇ ਸਰਦੀ ਦੀਆਂ ਛੁੱਟੀਆਂ (ਜੋ ਕਿ ਯੂਨੀਵਰਸਿਟੀ ਜਾਂ ਪੰਜਾਬ/ਭਾਰਤ ਸਰਕਾਰ ਦੇ ਹੁਕਮਾਂ ਅਨੁਸਾਰ ਕੀਤੀਆਂ ਗਈਆਂ ਹੋਣ) ਦੌਰਾਨ ਮੈਸ ਬੰਦ ਰਹੇਗੀ।



Scanned with CamScanner

30. ਗਰਮੀ ਅਤੇ ਸਰਦੀ ਦੀਆਂ ਛੁੱਟੀਆਂ (ਜੋ ਕਿ ਯੂਨੀਵਰਸਿਟੀ ਜਾਂ ਪੰਜਾਬ/ਭਾਰਤ ਸਰਕਾਰ ਦੇ ਹੁਕਮਾਂ ਅਨੁਸਾਰ ਕੀਤੀਆਂ ਗਈਆਂ ਹੋਣ) ਦੌਰਾਨ (ਹੋਸਟਲ ਖਾਲੀ ਹੋਣ ਉਪਰੰਤ) ਹੋਸਟਲ ਦੀ ਬਿਜਲੀ ਬੰਦ ਕਰਨੀ ਹੋਵੇਗੀ ਅਤੇ ਕੇਵਲ ਸੁਰੱਖਿਆ ਮਕਸਦ ਲਈ ਜਰੂਰੀ ਲਾਈਟਾਂ ਹੀ ਚਾਲੂ ਹੋਣਗੀਆਂ। ਇਸ ਲਈ ਛੁੱਟੀਆਂ ਸ਼ੁਰੂ ਹੋਣ ਦੇ ਤਿੰਨ ਦਿਨ ਦੇ ਅੰਦਰ ਵਿਦਿਆਰਥਣਾਂ ਨੂੰ ਘਰ ਪਰਤਣਾ ਯਕੀਨੀ ਬਨਾਉਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪ੍ਰਤੀ ਦਿਨ 100/- ਰੁਪੈ ਜੁਰਮਾਨਾਂ ਪ੍ਰਤੀ ਵਿਦਿਆਰਥਣ ਵਸੂਲ ਕੀਤਾ ਜਾ ਸਕਦਾ ਹੈ।

31. ਛੁੱਟੀਆਂ ਦੌਰਾਨ ਜੇਕਰ ਟ੍ਰੇਨਿੰਗ, ਖੋਜ-ਕਾਰਜ, ਇੰਟਰਨਸ਼ਿਪ ਕਰਨ ਲਈ ਵਿਦਿਆਰਥਣਾਂ ਹੋਸਟਲ ਰੁਕਣਾ ਚਾਹੁੰਦੀਆਂ ਹਨ ਤਾਂ ਉਹਨਾਂ ਨੂੰ ਛੁੱਟੀਆਂ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਪਹਿਲਾਂ ਤੱਕ ਹੋਸਟਲ ਕਮੇਟੀ ਪਾਸ ਬਿਨੈ ਪੱਤਰ ਦੇਣਾ ਹੋਵੇਗਾ। ਹੋਸਟਲ ਕਮੇਟੀ ਦੁਆਰਾ ਸਮਰੱਥ ਅਧਿਕਾਰੀ ਤੋਂ ਮਨਜ਼ੂਰੀ ਲਏ ਬਗੈਰ ਵਿਦਿਆਰਥਣਾਂ ਨੂੰ ਹੋਸਟਲ ਵਿਚ ਠਹਿਰਨ ਦੇਣ ਦੀ ਅਗਿਆ ਨਹੀਂ ਹੋਵੇਗੀ।

32. ਛੁੱਟੀਆਂ ਦੌਰਾਨ ਜੇਕਰ ਟ੍ਰੇਨਿੰਗ, ਖੋਜ-ਕਾਰਜ, ਇੰਟਰਨਸ਼ਿਪ ਕਰਨ ਲਈ ਵਿਦਿਆਰਥਣਾਂ ਹੋਸਟਲ ਰੁਕਦੀਆਂ ਹਨ ਤਾਂ ਹੋਸਟਲ ਦੀ ਬਿਜਲੀ ਚਾਲੂ ਰੱਖੀ ਜਾਵੇਗੀ ਪਰੰਤੂ ਮੈੱਸ ਨੂੰ ਫ਼ੰਕਸ਼ਨਲ ਕਰਨ ਲਈ ਸੰਸਥਾ ਪਾਬੰਧ ਨਹੀਂ ਹੋਵੇਗੀ ਜੇਕਰ ਮੈੱਸ ਬੰਦ ਹੁੰਦੀ ਹੈ ਤਾਂ ਵਿਦਿਆਰਥਣਾਂ ਆਪਣੇ ਭੋਜਨ ਦਾ



Scanned with CamScanner

ਪ੍ਰਬੰਧ ਅਪਣੇ ਪੱਧਰ ਤੇ ਕਰਨਗੀਆਂ (ਇਸ ਸਬੰਧੀ ਵਿਦਿਆਰਥਣਾਂ ਨੂੰ ਅੰਡਰਟੇਕਿੰਗ ਦੇਣੀ ਹੋਵੇਗੀ)।

33. ਵਿਦਿਆਰਥਣਾਂ ਦੇ ਰਿਸ਼ਤੇਦਾਰਾਂ ਵਿੱਚੋਂ ਕੇਵਲ ਉਹੀ ਰਿਸ਼ਤੇਦਾਰ ਵਿਦਿਆਰਥਣ ਨੂੰ ਮਿਲਣ ਜਾਂ ਆਪਾਤ ਸਮੇਂ ਤੇ ਲੈਣ ਆ ਸਕਦੇ ਜਿੰਨਾਂ ਦੇ ਨਾਮ ਰਜਿਸਟਰ / ਹੋਸਟਲ ਦਾਖਲਾ ਫ਼ਾਰਮ ਵਿੱਚ ਦਰਜ ਹੋਣ।

34. ਵਿਦਿਆਰਥਣ ਦੇ ਰਿਸ਼ਤੇਦਾਰ ਜਾਂ ਸਥਾਨਕ ਸਰਪ੍ਰਸਤ ਕੇਵਲ ਛੁੱਟੀ ਵਾਲੇ ਦਿਨ ਜਾਂ ਐਤਵਾਰ ਨੂੰ ਕੇਵਲ ਸਵੇਰੇ 10:00 ਵਜੇ ਤੋਂ ਸ਼ਾਮ 03:00 ਵਜੇ ਤੱਕ ਹੀ ਵਿਦਿਆਰਥੀ ਨੂੰ ਮਿਲਣ ਆ ਸਕਦੇ ਹਨ।

35. ਹੋਸਟਲ ਵਿੱਚ ਪੁਰਸ਼ ਵਿਜ਼ਟਰ (ਵਿਦਿਆਰਥਣ ਦੇ ਪੁਰਸ਼ ਰਿਸ਼ਤੇਦਾਰ) ਦਾ ਕੇਵਲ ਰਿਸੈਪਸ਼ਨ ਰੂਮ ਤੱਕ ਅਉਣਾ ਹੀ ਪ੍ਰਵਾਨਿਤ ਹੈ। ਵਿਦਿਆਰਥਣ ਦੇ ਕਿਸੇ ਵੀ ਪੁਰਸ਼ ਰਿਸ਼ਤੇਦਾਰ ਦਾ ਹੋਸਟਲ ਅੰਦਰ ਜਾਣਾ ਸਖਤ ਮਨ੍ਹਾਂ ਹੈ।

36. ਹੋਸਟਲ ਮੈੱਸ ਲਗਾਤਾਰ 10 ਦਿਨ ਜਾਂ ਉਸ ਤੋਂ ਵੱਧ ਦਿਨ ਬੰਦ ਰਹਿਣ ਤੇ ਉਸ ਮਹੀਨੇ (ਜਿਸ ਮਹੀਨੇ ਵਿੱਚ ਮੈੱਸ ਕੁੱਲ ਬੰਦ ਰਹਿਣ ਦੇ ਜਿਆਦਾ ਦਿਨ ਬੰਦ ਰਹੀ) ਦਾ ਬਿੱਲ ਪ੍ਰਤੀ ਦਿਨ ਵਿੱਚ ਤਬਦੀਲ (ਕਨਵਰਟ) ਕਰਕੇ ਹੀ ਲਿਆ ਜਾਵੇਗਾ। ਬਾਕੀ ਮਹੀਨਿਆਂ ਦਾ ਬਿੱਲ ਪਹਿਲਾਂ ਤੋਂ ਨਿਸ਼ਚਿਤ ਰਕਮ ਅਨੁਸਾਰ (ਪੂਰੇ ਮਹੀਨੇ ਲਈ) ਲਿਆ ਜਾਵੇਗਾ। ਹੋਸਟਲ ਮੈੱਸ ਦਾ ਬਿੱਲ ਹਰ ਛੇ ਮਹੀਨੇ ਤੇ ਵਧਾਇਆ/ਘਟਾਇਆ ਜਾ ਸਕਦਾ ਹੈ।

37. ਮੈੱਸ ਦਾ ਬਿੱਲ ਹਰ ਮਹੀਨੇ 07 ਤਾਰੀਕ ਤੱਕ ਭਰਨਾ ਲਾਜ਼ਮੀ ਹੋਵੇਗਾ।



Scanned with CamScanner

38. ਵਿਦਿਆਰਥਣ ਕੋਲ ਇੱਕ ਸਮੇਂ ਤੇ ਕੇਵਲ ਇੱਕ ਮਹਿਮਾਨ (ਮਹਿਲਾ ਰਿਸ਼ਤੇਦਾਰ) ਹੀ ਠਹਿਰ ਸਕਦੀ ਹੈ। ਮਹਿਮਾਨ ਦੇ ਠਹਿਰਨ ਦੀ ਲਿਖਤੀ ਐਡਵਾਂਸ ਸੂਚਨਾ ਵਾਰਡਨ ਨੂੰ ਦੇਣਾ ਲਾਜ਼ਮੀਂ ਹੋਵੇਗਾ। ਕੇਵਲ ਪਹਿਲਾਂ ਲਿਖਤੀ ਮਨਜ਼ੂਰੀ ਲੈਣ ਤੇ ਹੀ ਮਹਿਮਾਨ ਨੂੰ ਵਿਦਿਆਰਥਣ ਨਾਲ ਰੁਕਣ ਦਿੱਤਾ ਜਾ ਸਕਦਾ ਹੈ।

39. ਵਾਰਡਨ ਜਾਂ ਸਮਰੱਥ ਅਧਿਕਾਰੀ ਮਹਿਮਾਨ ਦੇ ਰੁਕਣ ਤੇ ਇਤਰਾਜ਼ ਕਰ ਸਕਦਾ ਹੈ ਅਤੇ ਮਹਿਮਾਨ ਨੂੰ ਠਹਿਰਨ ਤੋਂ ਮਨ੍ਹਾਂ ਵੀ ਕਰ ਸਕਦਾ ਹੈ।

40. ਚਾਲੂ ਅਕਾਦਮਿਕ ਵਰ੍ਹੇ ਦੌਰਾਨ ਇੱਕ ਵਿਦਿਆਰਥਣ ਕੋਲ ਕੋਈ ਮਹਿਮਾਨ ਕੁੱਲ 03 ਦਿਨ ਲਈ (ਚਾਹੇ ਇੱਕ-ਇੱਕ ਦਿਨ ਕਰਕੇ ਜਾਂ ਲਗਾਤਾਰ 03 ਦਿਨ ਹੋਵੇ) ਕੋਈ ਰੁਕ ਸਕਦਾ ਹੈ।

41. ਮਹਿਮਾਨ ਦੇ 03 ਦਿਨ ਤੋਂ ਵੱਧ ਦਿਨ ਰੁਕਣ ਤੇ ਪ੍ਰਤੀਦਿਨ 100/- ਰੁਪੈ (ਹੋਸਟਲ ਫਸਿਲਟੀ ਦੀ ਵਰਤੋਂ ਦੇ ਇਵਜ ਵਿੱਚ) ਵਸੂਲੀ ਕੀਤੀ ਜਾ ਸਕਦੀ ਹੈ।

42. ਹੋਸਟਲ ਵਿੱਚ ਰੁਕੇ ਹੋਏ ਵਿਦਿਆਰਥਣ ਦੇ ਮਹਿਮਾਨ ਨੂੰ ਮੈੱਸ ਵਿੱਚੋਂ ਭੋਜਨ ਕਰਨ ਜਾਂ ਕੋਈ ਹੋਰ ਵਸਤੂ ਖਰੀਦਣ ਦੀ ਅਦਾਇਗੀ ਮੌਕੇ ਤੇ ਕਰਨੀ ਹੋਏਗੀ ਅਤੇ ਉਸਨੂੰ ਵਿਦਿਆਰਥਣ ਦੇ ਮੈੱਸ ਬਿੱਲ ਵਿੱਚ ਐਡਜਸਟ ਨਾ ਕੀਤਾ ਜਾਵੇ।



Scanned with CamScanner

**43.** ਵਿਦਿਆਰਥਣਾਂ ਦੀਆਂ ਸਾਲਾਨਾ ਯੂਨੀਵਰਸਿਟੀ (ਲਿਖਤੀ) ਪ੍ਰੀਖਿਆਵਾਂ ਖਤਮ ਹੋਣ ਤੋਂ ਤਿੰਨ ਦਿਨ ਦੇ ਅੰਦਰ ਵਿਦਿਆਰਥਣਾਂ ਨੂੰ ਨੋ-ਡਿਊ ਸਰਟੀਫ਼ਿਕੇਟ ਪ੍ਰਾਪਤ ਕਰਕੇ ਉਸਦੀ ਇੱਕ ਨਕਲ ਵਾਰਡਨ ਪਾਸ ਜਮ੍ਹਾਂ ਕਰਵਾਉਣ ਪਿੱਛੋਂ ਹੋਸਟਲ ਖਾਲੀ ਕਰਨਾਂ ਲਾਜ਼ਮੀ ਹੋਵੇਗਾ।

**44.** ਦਿੱਤੇ ਸਮੇਂ ਅੰਦਰ ਹੋਸਟਲ ਖਾਲੀ ਨਾਂ ਕਰਨ ਦੀ ਸੂਰਤ ਵਿੱਚ ਪ੍ਰਤੀ ਦਿਨ 100/- ਰੁਪੈ ਜੁਰਮਾਨਾਂ ਵਿਦਿਆਰਥਣ ਤੋਂ ਵਸੂਲ ਕੀਤਾ ਜਾ ਸਕਦਾ ਹੈ।

**45.** ਸੈਸ਼ਨ 2023-24 ਲਈ ਹੋਸਟਲ ਕਮੇਟੀ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ:

## ਹੋਸਟਲ ਕਮੇਟੀ (ਸੈਸ਼ਨ 2023-24)

| ਲੜੀ ਨੰ. | ਨਾਮ | ਚਾਰਜ | ਮੋਬਾਈਲ ਨੰਬਰ |
|---|---|---|---|
| 01 | ਡਾ. ਰੁਪਿੰਦਰਜੀਤ ਕੌਰ | ਵਾਰਡਨ | +91 97793-96451 |
| 02 | ਪ੍ਰੋ. ਰਾਜੇਸ਼ਵਰੀ ਦੇਵੀ | ਮੈਂਬਰ ਕਮੇਟੀ | +91 98787-61501 |
| 03 | ਪ੍ਰੋ. ਜਸਬੀਰ ਕੌਰ | ਮੈਂਬਰ ਕਮੇਟੀ | +91 70878-02350 |

ਪ੍ਰਿੰਸੀਪਲ
ਦੇਸ਼ ਭਗਤ ਪੰਡਿਤ ਚੇਤਨ ਦੇਵ
ਸਰਕਾਰੀ ਕਾਲਜ ਆਫ਼ ਐਜੂਕੇਸ਼ਨ
ਫ਼ਰੀਦਕੋਟ



Scanned with CamScanner